PACIFIC BLUE CROSS®

# Pacific Blue Cross

## ਐਕਸਟੈਂਡਿਡ ਹੈਲਥ ਕਵਰੇਜ
## ਡੈਂਟਲ ਕਵਰੇਜ
## ਐਮਰਜੈਂਸੀ ਮੈਡੀਕਲ ਕਵਰੇਜ

® Pacific Blue Cross, the registered trade-name of PBC Health Benefits Society, is an independent licensee of the Canadian Association of Blue Cross Plans.

ਐਕਸਟੈਂਡਿਡ ਹੈਲਥ ਕੇਅਰ ਕਵਰੇਜ ਕੀ ਹੈ?
ਸਾਡੀ ਸੂਬਾਈ ਸਰਕਾਰ ਦੀਆਂ ਹੈਲਥ ਕੇਅਰ ਪਲੈਨਾਂ, ਐਮ ਐਸ ਪੀ ਅਤੇ ਫਰਮਾਕੇਅਰ ਕੇਵਲ ਮੁੱਢਲੀਆਂ ਮੈਡੀਕਲ ਲੋੜਾਂ ਨੂੰ ਹੀ ਪੂਰੀਆਂ ਕਰਦੀਆਂ ਹਨ, ਜਿਵੇਂ ਤੁਹਾਡੇ ਪਰਿਵਾਰਿਕ ਡਾਕਟਰ ਕੋਲ ਜਾਣ ਜਾਂ ਐਮਰਜੈਂਸੀ ਲਈ ਹਸਪਤਾਲ ਜਾਣ ਦੀਆਂ ਲੋੜਾਂ। ਐਕਸਟੈਂਡਿਡ ਹੈਲਥ ਕੇਅਰ ਕਵਰੇਜ 'ਚ ਉਹ ਮੈਡੀਕਲ ਸੇਵਾਵਾਂ ਅਤੇ ਸਪਲਾਈਆਂ ਆਉਂਦੀਆਂ ਹਨ ਜਿਹੜੀਆਂ ਸਾਡੀਆਂ ਸੂਬਾਈ ਹੈਲਥ ਕੇਅਰ ਪਲੈਨਾਂ ਦੇ ਅੰਤਰਗਤ **ਨਹੀਂ** ਆਉਂਦੀਆਂ।

ਮੇਰੇ ਲਈ ਐਕਸਟੈਂਡਿਡ ਹੈਲਥ ਕੇਅਰ ਕਵਰੇਜ ਲੈਣੀ ਮਹੱਤਵਪੂਰਨ ਕਿਉਂ ਹੈ?
ਵਿਅਕਤੀਆਂ ਅਤੇ ਪਰਿਵਾਰਾਂ ਲਈ ਸੂਬਾਈ ਸਰਕਾਰ ਦੀਆਂ ਪਲੈਨਾਂ ਤੋਂ ਇਲਾਵਾ ਐਕਸਟੈਂਡਿਡ ਹੈਲਥ ਕੇਅਰ ਤੱਕ ਪਹੁੰਚ ਪ੍ਰਾਪਤ ਕਰਨਾਂ ਮਹੱਤਪੂਰਨ ਗੱਲ ਹੈ। Pacific Blue Cross ਐਕਸਟੈਂਡਿਡ ਹੈਲਥ ਕੇਅਰ ਕੇਵਰਜ ਪ੍ਰਦਾਨ ਕਰਨ ਦੁਆਰਾ ਇਸ ਲੋੜ ਦੀ ਪੂਰਤੀ ਕਰਦੀ ਹੈ ਜਿਹੜੀ ਡਾਕਟਰ ਦੁਆਰਾ ਲਿਖੀਆਂ ਦਵਾਈਆਂ, ਵਿਸ਼ੇਸ਼ ਹੈਲਥ ਕੇਅਰ, ਨਜ਼ਰ ਦੀ ਸੰਭਾਲ, ਦੰਦਾਂ ਅਤੇ ਕਈ ਕੁਝ ਹੋਰ ਵਾਸਤੇ ਕਵਰੇਜ ਮੁਹੱਈਆ ਕਰਦੀ ਹੈ।

ਇਸ ਕਵਰੇਜ ਬਾਰੇ ਮੈਨੂੰ ਕਦੋਂ ਸੋਚਣਾਂ ਚਾਹੀਦਾ ਹੈ?
ਐਕਸਟੈਂਡਿਡ ਹੈਲਥ ਕੇਅਰ ਕਵਰੇਜ ਲੈਣ ਵਾਸਤੇ ਵਧੀਆ ਸਮਾਂ ਉਹ ਹੈ ਜਦੋਂ ਤੁਸੀਂ ਅਤੇ/ਜਾਂ ਤੁਹਾਡਾ ਪਰਿਵਾਰ ਤੰਦਰੁਸਤ ਹੋਵੋ। ਕਿਉਂਕਿ ਬਹੁਤੀ ਵਾਰੀ ਐਕਸਟੈਂਡਿਡ ਹੈਲਥ ਕੇਅਰ ਕਵਰੇਜ ਉਹਨਾਂ ਮੌਜੂਦਾ ਮੈਡੀਕਲ ਹਾਲਤਾਂ ਨੂੰ ਨਹੀਂ ਅਪਣਾਉਂਦੀਆਂ ਜਿਹੜੀਆਂ ਪਹਿਲਾਂ ਹੀ ਤੁਹਾਨੂੰ ਹੋਣ, ਇਸ ਲਈ ਤੁਹਾਨੂੰ ਭਵਿੱਖ 'ਚ ਹੋ ਸਕਣ ਵਾਲੀ ਕਿਸੇ ਵੀ ਅਣਦਿੱਖ ਦੁਰਘਟਨਾ ਜਾਂ ਬਿਮਾਰੀ ਦੇ ਹੋਣ ਤੋਂ ਪਹਿਲਾਂ ਕਵਰੇਜ ਲੈਣ ਦੀ ਲੋੜ ਹੈ।

ਇਸ ਕਵਰੇਜ ਲਈ ਕੌਣ ਯੋਗ ਹੈ?
ਸਾਡੀਆਂ ਵਿਅਕਤੀਗਤ ਪਲੈਨਾਂ ਬ੍ਰਿਟਿਸ਼ ਕੁਲੰਬੀਆ ਅਤੇ ਯੂਕੌਨ ਦੇ ਸਾਰੇ ਵਾਸੀਆਂ ਲਈ ਉਪਲਬਧ ਹਨ ਬਸ਼ਰਤੇ ਕਿ ਤੁਹਾਡਾ ਨਾਂ ਬੀ ਸੀ ਦੀ ਮੈਡੀਕਲ ਸਰਵਿਸ ਪਲੈਨ ਜਾਂ ਯੂਕੌਨ ਦੀ ਹੈਲਥ ਕੇਅਰ ਇੰਸ਼ੋਰੈਂਸ ਪਲੈਨ ਨਾਲ ਦਰਜ ਹੋਇਆ ਹੋਵੇ। ਕਵਰੇਜ ਉਨ੍ਹਾਂ ਲੋਕਾਂ ਲਈ ਵੀ ਉਪਲਬਧ ਹੈ ਜਿਹੜੇ ਸੂਬਾਈ ਕਵਰੇਜ ਸ਼ੁਰੂ ਹੋਣ ਦੀ ਉਡੀਕ ਕਰ ਰਹੇ ਹੋਣ।

ਪਾਲਸੀ ਲੈਣ ਵਾਲੇ ਵਿਅਕਤੀਆਂ ਦੀ ਉਮਰ ਜ਼ਰੂਰੀ ਤੌਰ 'ਤੇ ਘੱਟੋ ਘੱਟ 19 ਸਾਲ ਹੋਣੀ ਚਾਹੀਦੀ ਹੈ। ਉਹ ਵਿਅਕਤੀ ਜਿਹੜੇ 19 ਸਾਲਾਂਤੋਂ ਘੱਟ ਉਮਰ ਦੇ ਹੋਣ ਅਤੇ ਸਾਡੀ ਕਿਸੇ ਪਲੈਨ ਅਧੀਨ ਕਵਰੇਜ ਵਾਸਤੇ ਅਰਜ਼ੀ ਦੇਣੀ ਚਾਹੁੰਦੇ ਹੋਣ, ਉਹਨਾਂ ਨਾਲ ਜ਼ਰੂਰੀ ਤੌਰ 'ਤੇ ਕਿਸੇ ਬਾਲਗ ਵਿਅਕਤੀ ਨੂੰ ਪਾਲਸੀ ਲੈਣ ਵਾਲਾ ਨਿਯੁਕਤ ਕੀਤਾ ਜਾਵੇਗਾ।

ਮੈਂ ਐਕਸਟੈਂਡਿਡ ਹੈਲਥ ਕਵਰੇਜ ਬਾਰੇ ਵਧੇਰੇ ਜਾਣਕਾਰੀ ਕਿਥੋਂ ਤੇ ਕਿਵੇਂ ਲੈ ਸਕਦਾ/ਸਕਦੀ ਹਾਂ?
Pacific Blue Cross ਕੋਲ ਹੈਲਥ, ਡੈਂਟਲ ਅਤੇ ਐਮਰਜੈਂਸੀ ਮੈਡੀਕਲ ਟਰੈਵਲ ਲਈ ਕਵਰੇਜ ਉਪਲਬਧ ਹੈ। ਵਧੇਰੇ ਜਾਣਕਾਰੀ ਵਾਸਤੇ ਸਾਡੇ ਕਿਸੇ ਸੇਵਾ ਪ੍ਰਤੀਨਿਧ ਨਾਲ ਗੱਲ ਕਰਨ ਲਈ Pacific Blue Cross ਨਾਲ ਸੰਪਰਕ ਕਰੋ।


**ਇੰਡਿਵਿਯੂਅਲ ਪਲੈਨਜ਼ ਸੇਲਜ਼ ਐਂਡ ਸੁਪੋਰਟ**
ਟੈਲੀਫੋਨ: 604 419-2194
ਫੈਕਸ: 604 419-2199
ਈਮੇਲ: kghuman@pac.bluecross.ca

**ਗਰੇਟਰ ਵੈਨਕੂਵਰ ਤੋਂ ਬਾਹਰ ਲਈ ਟਾਲ-ਫਰੀ:**
1 800 USE-BLUE (1 800 873-2583)

**ਡਾਕ ਪਤਾ:**
Pacific Blue Cross
Individual Plans
PO Box 7000
Vancouver BC V6B 4E1


® Pacific Blue Cross, the registered trade-name of PBC Health Benefits Society, is an independent licensee of the Canadian Association of Blue Cross Plans.